30

## ਦਫਤਰ, ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ

## ਬਠਿੰਡਾ

11946
12/10/23

ਸੇਵਾ ਵਿਖੇ

ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ)
ਬਠਿੰਡਾ

ਮੀਮੋ ਨੰ. ਜਸਭਅ/ਫਡਫ/2023/3454 ਮਿਤੀ 09 ਅਕਤੂਬਰ 2023

ਵਿਸ਼ਾ: ਹਥਿਆਰਬੰਦ ਸੈਨਾ ਝੰਡਾ ਦਿਵਸ 2023 ਮਨਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ (ਰੱਖਿਆ ਭਲਾਈ ਸ਼ਾਖਾ) ਚੰਡੀਗੜ੍ਹ ਦੇ ਪੱਤਰ ਨੰ: 1/1/2019-1DW I/647989/2023 ਮਿਤੀ 21.09.2023 ਦੀ ਕਾਪੀ ਆਪ ਜੀ ਦੀ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਕਾ/ਸੁਪਰਡੰਟ
ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ
ਬਠਿੰਡਾ

ਨੱਥੀ: ਉਕਤ ਅਨੁਸਾਰ

File No.- 1/1/2019-1DW

I/647989/2023

**ਪੰਜਾਬ ਸਰਕਾਰ**
**ਰੱਖਿਆ ਸੇਵਾਵਾਂ ਭਲਾਈ ਵਿਭਾਗ**
**(ਰੱਖਿਆ ਭਲਾਈ ਸ਼ਾਖਾ)**

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰਜ,
ਪੰਜਾਬ ਰਾਜ ਦੇ ਬੋਰਡ/ਕਾਰਪੋਰੇਸ਼ਨਾਂ ਦੇ ਮੁਖੀ,

ਵਿਸ਼ਾ: **ਹਥਿਆਰਬੰਦ ਸੈਨਾ ਝੰਡਾ ਦਿਵਸ 7 ਦਸੰਬਰ 2023 ਨੂੰ ਮਨਾਉਣ ਸਬੰਧੀ।**

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2. ਹਰ ਸਾਲ ਹਥਿਆਰਬੰਦ ਸੈਨਾ ਝੰਡਾ ਦਿਵਸ ਮਿਤੀ 07 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਰਾਸ਼ਟਰ ਆਪਣੇ ਬਹਾਦਰ ਸੈਨਿਕਾ ਵਲੋਂ ਦੇਸ਼ ਦੀ ਰੱਖਿਆ ਲਈ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕਰਦਾ ਹੈ। ਸੇਵਾ ਕਰ ਰਹੇ ਅਤੇ ਸਾਬਕਾ ਸੈਨਿਕਾਂ ਦੀ ਬਹਾਦਰੀ ਪ੍ਰਤੀ ਸਲੂਟ ਕਰਨ ਦਾ ਇਹ ਇੱਕ ਸੁਨਹਿਰੀ ਮੌਕਾ ਹੈ।

3. ਹਥਿਆਰਬੰਦ ਸੈਨਾ ਝੰਡਾ ਦਿਵਸ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਤੀ 07 ਦਸੰਬਰ 2023 ਨੂੰ ਮਨਾਇਆ ਜਾ ਰਿਹਾ ਹੈ। ਅਤਿ ਮੱਹਤਵਪੂਰਨ ਵਿਅਕਤੀਆਂ ਅਤੇ ਸਮੂਹ ਭਾਰਤੀ ਨਾਗਰਿਕਾਂ ਦੇ ਝੰਡਾ ਲਾਉਣ ਦੀ ਰਸਮ 07 ਦਸੰਬਰ 2023 ਨੂੰ ਹੋਵੇਗੀ।

4. ਵਿਭਾਗਾਂ ਅਤੇ ਜਿਲ੍ਹਾ ਪ੍ਰਸ਼ਾਸਨ ਵਲੋਂ ਝੰਡੇ ਦੇ ਸਨਮਾਨ ਵਿਚ ਵਿੱਤੀ ਅੰਸ਼ਦਾਨ ਇਕੱਠਾ ਕੀਤਾ ਜਾਂਦਾ ਹੈ। ਇਕੱਤਰ ਹੋਈ ਰਾਸ਼ੀ ਕੇਂਦਰ ਅਤੇ ਰਾਜਿਆ ਸੈਨਿਕ ਬੋਰਡ ਵਲੋ ਲਾਗੂ ਕੀਤੀਆ ਕਈ ਪ੍ਰਕਾਰ ਦੀਆ ਭਲਾਈ ਸਕੀਮਾਂ ਵਿਚ ਵਰਤੀ ਜਾਂਦੀ ਹੈ। ਦਾਨ ਰਾਸ਼ੀ ਵਿੱਚੋਂ ਵਿਧਵਾਵਾਂ, ਅਪੰਗ ਸੈਨਿਕਾ, ਸਾਬਕਾ ਸੈਨਿਕਾ, ਉਨ੍ਹਾਂ ਦੇ ਆਸ਼ਰਿਤਾਂ ਅਤੇ ਸੇਵਾ ਕਰ ਰਹੇ ਸੈਨਿਕਾ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।ਤਕਰੀਬਨ ਇੱਕ ਕਰੋੜ ਤੋਂ ਜਿਆਦਾ ਵਿਅਕਤੀ ਇਸ ਰਾਸ਼ੀ ਦੇ ਲਾਭ ਪਾਤਰ ਹੋਣਗੇ।

5. ਭਾਰਤ ਸਰਕਾਰ, ਵਿੱਤ ਮੰਤਰਾਲਿਆ, ਇੰਨਕਮ ਟੈਕਸ ਵਿਭਾਗ, ਕਮਿਸ਼ਨਰ ਇਨਕਮ ਟੈਕਸ ਐਕਜੰਪਸ਼ਨਜ, ਚੰਡੀਗੜ੍ਹ ਦੇ ਪੱਤਰ ਨੰ: ITBA/COM/F/17/2019 20/1026842540(1) ਮਿਤੀ 20.03.2020 (ਰਜਿਸਟਰੇਸ਼ਨ 80G/AAALA206N/2069) ਦੇ ਤਹਿਤ ਸੈਨਾ ਝੰਡਾ ਦਿਵਸ ਸਬੰਧੀ ਦਾਨ ਕੀਤੀ ਰਾਸ਼ੀ ਇਨਕਮ ਟੈਕਸ ਮੁਕਤ ਹੈ।

6. ਉਪਰੋਕਤ ਦੇ ਸਨਮੁੱਖ ਝੰਡਾ ਦਿਵਸ ਸਬੰਧੀ ਜਨਤਕ ਦਿਲਚਸਪੀ ਪੈਦਾ ਕਰਨ ਵਾਸਤੇ ਅਤੇ ਆਮ ਜਨਤਾ ਨੂੰ ਉਸ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਦੇਣ ਦੀ ਜਰੂਰਤ ਹੈ। ਜਿਆਦਾ ਤੋ ਜਿਆਦਾ ਰਾਸ਼ੀ ਇਕੱਠੀ ਕਰਨ ਵਾਸਤੇ ਇਸ ਦਿਨ ਦੀ ਮਹੱਤਤਾ ਸਬੰਧੀ ਜਾਣਕਾਰੀ ਸਮੂਹ ਦਫਤਰਾਂ ਵਿੱਚ ਦੇਣ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ।

ਮਿਤੀ: 21-9-23
ਚੰਡੀਗੜ੍ਹ,

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ

I/647989/2023 File No- 1/1/2019- IDW

1. ਉਤਾਰਾ ਸਮੂਹ ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

2 ਉਤਾਰਾ ਸਮੂਹ ਵਿਸ਼ੇਸ਼ ਸਕੱਤਰ, ਵਧੀਕ ਸਕੱਤਰ ,ਸੰਯੁਕਤ ਸਕੱਤਰ, ਉਪ ਸਕੱਤਰ ਅਤੇ ਅਧੀਨ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ

ਸੇਵਾ ਵਿਖੇ,

1. ਸਮੂਹ ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰਜ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।
2 ਸਮੂਹ ਵਿਸ਼ੇਸ਼ ਸਕੱਤਰ, ਵਧੀਕ ਸਕੱਤਰ, ਸੰਯੁਕਤ ਸਕੱਤਰ, ਉਪ ਸਕੱਤਰ ਅਧੀਨ ਸਕੱਤਰ, ਪੰਜਾਬ ਸਰਕਾਰ।

ਉਤਾਰਾ ਸਕੱਤਰ ਰਾਜਿਆ ਸੈਨਿਕ ਬੋਰਡ-ਕਮ-ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਨੂੰ ਪੱਤਰ ਨੰ. 1/11/ਫਡਫ/2ਫ/2023/424 ਮਿਤੀ 23.8.2023 ਦੇ ਹਵਾਲੇ ਵਿੱਚ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ

**ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਬਠਿੰਡਾ**

**ਪਿਠ ਅੰਕਣ ਨੰ:ਜੀ-1/1 ( )2023** | 6021 **ਮਿਤੀ: 12/10/2023**

**ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।**

12/10

**ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)**
**ਬਠਿੰਡਾ**